ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰ੍ਹਵੀਂ ਜਮਾਤ ਦੇ ਇਤਿਹਾਸ ਦੀ ਪਾਠ-ਪੁਸਤਕ ਦੀ ਰਿਵਿਊ ਰਿਪੋਰਟ

1 ਸਿਧਾਂਤਕ ਪੱਖ

2 ਧਾਰਮਕ ਭਾਵਨਾਵਾਂ ਨੂੰ ਠੇਸ

3 ਇਤਿਹਾਸਕ ਤੱਥਾਂ ਨਾਲ ਛੇੜ-ਛਾੜ

4 ਅਰਥਾਂ ਦੇ ਅਨਰਥ

5 ਤਕਨੀਕੀ ਪੱਖ

6 ਬੋਰਡ ਅਧਿਕਾਰੀਆਂ ਨੂੰ ਚੁਣੌਤੀ ਵਜੋਂ ਕੁਝ ਸਵਾਲ

7 ਵੱਖ-ਵੱਖ ਵਿਦਵਾਨਾਂ ਦੀ ਰਾਇ

8 ਵਿਧੀ

9 ਸਾਰ ਅਤੇ ਸੁਝਾਅ

ਤਿਆਰ ਕਰਤਾ

ਡਾ. ਗੁਰਮੀਤ ਸਿੰਘ ਸਿੱਧੂ

ਪ੍ਰੋਫੈਸਰ ਅਤੇ ਮੁਖੀ

ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ

ਪੰਜਾਬੀ ਯੂਨੀਵਰਸਿਟੀ ਪਟਿਆਲਾ

ਡਾ. ਗੁਰਮੇਲ ਸਿੰਘ

ਐਸੋਸੀਏਟ ਪ੍ਰੋਫੈਸਰ

ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ

ਪੰਜਾਬੀ ਯੂਨੀਵਰਸਿਟੀ ਪਟਿਆਲਾ

ਡਾ. ਗੁਰਵੀਰ ਸਿੰਘ

ਖਾਲਸਾ ਕਾਲਜ ਪਟਿਆਲਾ

1. ਸਿਧਾਂਤਕਪੱਖ:

1.1 ਇਸ ਪੱਖ ਤੋਂ ਵੇਖਿਆ ਜਾਵੇ ਤਾਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਈ ਜਾਂਦੀ 12ਵੀਂ ਜਮਾਤ ਦੇ ਇਤਿਹਾਸ ਦੀ ਪ੍ਰੀਖਿਆ ਵਿਚ ਪੰਜਾਬ ਦੇ ਇਤਿਹਾਸ ਨੂੰ ਵਿਸ਼ੇਸ਼ ਤੌਰ 'ਤੇ ਪੜ੍ਹਾਉਣ ਦੀ ਜ਼ਰੂਰਤ ਹੈ, ਕਿਉਂਕਿ ਪੰਜਾਬ ਦੇ ਵਸਨੀਕਾਂ ਨੂੰ ਬਾਕੀ ਰਾਜਾਂ ਵਾਂਗ ਆਪਣੇ ਇਤਿਹਾਸ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਬੇਸ਼ੱਕ ਭਾਰਤ ਅਤੇ ਯੋਰਪ ਜਾਂ ਸੰਸਾਰ ਦਾ ਇਤਿਹਾਸ ਵੀ ਪੜ੍ਹਾਇਆ ਜਾਵੇ, ਪਰੰਤੂ ਪੰਜਾਬ ਦੇ ਇਤਿਹਾਸ ਨੂੰ ਸੀਮਿਤ ਕਰਕੇ ਇਸ ਦਾ ਮਹੱਤਵ ਘੱਟ ਕਰਨਾ ਸਿਧਾਂਤਕ ਪੱਖ ਤੋਂ ਵਾਜਿਬ ਨਹੀਂ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 12ਵੀਂ ਜਮਾਤ ਵਿਚ ਪੜ੍ਹਾਏ ਜਾਂਦੇ ਪੰਜਾਬ ਦੇ ਇਤਿਹਾਸ ਨੂੰ 11ਵੀਂ ਜਮਾਤ ਦੇ ਸਿਲੇਬਸ ਦਾ ਹਿੱਸਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

1.2 ਪੰਜਾਬ ਸਕੂਲ ਸਿੱਖਿਆ ਬੋਰਡ ਦਾ ਉਦੇਸ਼ ਪੰਜਾਬੀ ਲੋਕਾਂ ਨੂੰ ਇਸ ਰਾਜ ਦੇ ਇਤਿਹਾਸ ਬਾਰੇ ਜਾਣਕਾਰੀ ਪ੍ਰਦਾਨ ਕਰਵਾਉਣਾ ਹੈ। ਕਮੇਟੀ ਨੇ ਪੜਤਾਲ ਦੌਰਾਨ ਪਾਇਆ ਹੈ ਕਿ ਬੋਰਡ ਵਲੋਂ ਤਿਆਰ ਕੀਤੇ 11ਵੀਂ ਦੇ ਸਿਲੇਬਸ ਵਿਚ ਪੰਜਾਬ ਦੇ ਇਤਿਹਾਸ ਨੂੰ ਇਕ ਸੀਮਿਤ ਭਾਗ ਵਿਚ ਪਾਇਆ ਗਿਆ ਹੈ, ਜਦੋਂ ਕਿ ਦੂਜੇ ਭਾਗ ਵਿਚ ਵਿਸ਼ਵ ਦਾ ਇਤਿਹਾਸ ਪਾਇਆ ਗਿਆ ਹੈ।

1.3 ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਤਿਆਰ ਕੀਤੇ ਨਵੇਂ ਸਿਲੇਬਸ ਦਾ ਡਿਜਾਇਨ ਵੇਖਣ ਵਿਚ ਇਤਿਹਾਸਕ ਨਹੀਂ, ਇਹ ਵਧੇਰੇ ਰਾਜਨੀਤੀਕ ਬਣਾਇਆ ਗਿਆ ਹੈ। ਦੋਵਾਂ ਜਮਾਤਾਂ (11ਵੀ ਅਤੇ 12ਵੀ) ਸਲੇਬਸ ਵਿਚ 'ਰਾਸ਼ਟਰਵਾਦ' ਅਤੇ ਭਾਰਤੀ 'ਸੁਤੰਤਰਤਾ' ਨਾਲ ਸੰਬੰਧਤ 5 ਪਾਠ ਰੱਖੇ ਗਏ ਹਨ। ਰਾਸ਼ਟਰਵਾਦ ਦਾ ਸੰਕਲਪ ਅਤੇ ਸਿਧਾਂਤ ਇਤਿਹਾਸ ਨਾਲੋਂ ਵਧੇਰੇ ਰਾਜਨੀਤੀ ਵਿਗਿਆਨ ਦਾ ਵਿਸ਼ਾ ਹੈ। ਕੁਲ 22 ਪਾਠਾਂ ਵਿਚੋਂ ਇਕ ਵਿਸ਼ੇ ਨਾਲ ਸੰਬੰਧਿਤ ਪੰਜ ਪਾਠ ਪਾਉਣ ਤੋਂ ਜਾਪਦਾ ਹੈ ਕਿ ਇਹ ਸਿਲੇਬਸ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਨਹੀਂ ਤਿਆਰ ਕੀਤਾ, ਬਲਕਿ 'ਰਾਸ਼ਟਰਵਾਦ' ਦੇ ਪਰਦੇ ਹੇਠ ਹਿੰਦੂਤਵ ਨੂੰ ਤਰਜੀਹ ਦੇ ਇਰਾਦੇ ਨਾਲ ਤਿਆਰ ਕੀਤਾ ਗਿਆ ਹੈ।

1.4 ਇਸ ਪੁਸਤਕ ਵਿਚ ਸੈਕੂਲਰ ਰਾਸ਼ਟਰਵਾਦ ਨੂੰ ਹਿੰਦੂਵਾਦੀ ਰਾਸ਼ਟਰਵਾਦ ਵਿਚ ਬਦਲਣ ਲਈ ਵਿਚਾਰਧਾਰਕ ਕੋਸ਼ਿਸ਼ ਕੀਤੀ ਗਈ ਹੈ। ਰਾਸ਼ਟਰਵਾਦੀ ਇਤਿਹਾਸਕਾਰਾਂ ਦਾ ਮਤ ਹੈ (ਪੰਨਾ 75),ਇਹ ਮੰਨਿਆ ਜਾਂਦਾ ਹੈ (ਪੰਨਾ 75) ਕੁਝ ਇਤਿਹਾਸਕਾਰਾਂ ਦਾ ਮਤ ਹੈ (ਪੰਨਾ 76) ਇਹ ਕਿਹਾ ਜਾਂਦਾ ਹੈ (ਪੰਨਾ 77) ਕੁਝ ਇਤਿਹਾਸਕਾਰ ਅੱਜ ਵੀ ਕਹਿੰਦੇ ਹਨ (101) ਇਕੋ ਪੰਨਾ ਨੰ. 23 ਉਤੇ ਇਹ ਗੈਰ-ਇਤਿਹਾਸਕ ਸੰਬੋਧਨੀ ਸ਼ਬਦ ਤਿੰਨ ਵਾਰ ਦੁਹਰਾਏ ਗਏ ਹਨ ਜਿਵੇਂ ਵਿਦਵਾਨਾਂ ਨੇ, ਵਿਦਵਾਨਾਂ ਦਾ ਮੰਨਣਾ ਹੈ, ਕਈ ਵਿਦਵਾਨਾਂ ਅਨੁਸਾਰ, ਕਿਸੇ ਵੀ ਵਿਦਵਾਨ ਦਾ ਨਾਮ ਲਿਖੇ ਬਗੈਰ ਲਿਖ ਦੇਣਾ ਅਕਾਦਮਿਕ ਬੇਈਮਾਨੀ ਹੁੰਦੀ ਹੈ ਜੋ ਇਸ ਪੁਸਤਕ ਵਿਚ ਥਾਂ-ਥਾਂ ਕੀਤੀ ਗਈ।

1.5 ਇਕ ਪਾਠ-ਪੁਸਤਕ ਵਿਚ ਸਹੀ ਤੱਥ, ਤੱਥ ਵਿਸ਼ਲੇਸ਼ਣ, ਉਚਿਤ ਵੇਰਵਾ, ਘਟਨਾ ਕ੍ਰਮ ਅਤੇ ਘਟਨਾਵਾਂ ਦੇ ਪ੍ਰਭਾਵ ਆਦਿ ਦਿਤੇ ਜਾਂਦੇ ਹਨ, ਜੋ ਇਸ ਪੁਸਤਕ ਵਿਚ ਨਹੀਂ ਹਨ। ਕਿਸੇ ਵੀ ਪੱਖ ਤੋਂ ਇਹ ਇਤਿਹਾਸ ਦੀ ਪੁਸਤਕ ਨਹੀਂ ਕਹੀ ਜਾ ਸਕਦੀ।

1.6 ਇਤਿਹਾਸ ਵਿਚ ਘਟਨਾਵਾਂ ਦੀ ਤਰਤੀਬ ਕਾਲ-ਕ੍ਰਮ ਮੁਤਾਬਕ ਦਿਤੀ ਜਾਂਦੀ ਹੈ। ਇਸ (ਇਤਿਹਾਸ) ਪੁਸਤਕ ਵਿਚ ਇਤਿਹਾਸਕ ਵਿਧੀ ਦੀ ਵਰਤੋਂ ਨਹੀਂ ਕੀਤੀ ਗਈ। ਕਿਤਾਬ ਵਿਚ ਲੇਖਕ ਦਾ ਜ਼ਿਕਰ ਕਰਨ ਨਾਲੋਂ ਕੁਝ ਵਿਦਵਾਨ ਕਹਿੰਦੇ ਹਨ, ਆਦਿ ਭਾਸ਼ਾ ਵਰਤੀ ਗਈ ਹੈ।

1.7 ਬੁਨਿਆਦੀਰੂਪਵਿਚਇਹਪੁਸਤਕ 'ਅਨੁਵਾਦ' ਹੈ, ਸੋਮੌਲਿਕਤਾਦੀਇਸਵਿਚਵਿਸ਼ੇਸ਼ਥਾਂਨਹੀਂ,ਵੇਖੋ (ਪੰਨਾvii) 'ਆਭਾਰ' ਵਿਚ ਕਮੇਟੀ ਖੁਦ ਪ੍ਰਵਾਨ ਕਰਦੀ ਹੈ।

ਅਨੁਵਾਦ ਕੀਤੀ ਪੁਸਤਕ ਨੂੰ ਕਿਸੇ ਵੀ ਪੱਖ ਤੋਂ ਪਾਠ-ਪੁਸਤਕ ਵਜੋਂ ਮਾਨਤਾ ਨਹੀਂ ਦਿਤੀ ਜਾ ਸਕਦੀ।

2. ਧਾਰਮਕ ਭਾਵਨਾਵਾਂ ਨੂੰ ਠੇਸ

2.1. ਰਾਸ਼ਟਰੀ ਪੱਧਰ ਦੇ ਸਮਾਨ ਪੱਧਰ ਤੇ ਲਿਆਉਣ ਭੂਮਿਕਾ ਭਗਤੀ ਦੇ ਨਵੇਂ ਰੂਪ ਪਾਠ-6(ਪੰਨਾ-89) ਹਰੀ ਨਾਮ ਕੀਰਤਨ ਦੀ ਤਸਵੀਰ (ਪੰਨਾ-92) ਖਿਚਣ ਲਈ ਕਿਹਾ ਗਿਆ ਹੈ। ਕੀਰਤਨ ਦੀ ਤਸਵੀਰ ਨਹੀਂ ਹੁੰਦੀ, ਕੀਰਤਨ ਕਰਦੇ ਲੋਕਾਂ ਦੀ ਹੁੰਦੀ ਹੈ। ਗੁਰਬਾਣੀ ਕੀਰਤਨ ਗੁਰਦੁਆਰੇ ਹੁੰਦਾ ਹੈ। ਪਾਠ-ਪੁਸਤਕ ਵਿਦਿਆਰਥੀਆਂ ਨੂੰ ਮੰਦਰ ਜਾਣ ਲਈ ਕਹਿੰਦੀ ਹੈ।

2.2 ਪੁਸਤਕ ਵਿਚ ਲਿਖਿਆ ਹੈ ਕਿ ਭਗਤ ਧੰਨਾ, ਭਗਤ ਰਵਿਦਾਸ, ਭਗਤਪੀਪਾ ਅਤੇ ਭਗਤਕਬੀਰ ਨੇ ਰਾਮ ਨੂੰ ਭੌਤਿਕ ਰੂਪ ਵਿਚ ਸਵੀਕਾਰ ਨਹੀਂ ਕੀਤਾ (ਪੰਨਾ 93) ਇਹ ਨਿਰਗੁਣ ਭਗਤ ਸਨ। ਜਦੋਂ ਕਿ ਗਤੀਵਿਧੀਆਂ ਵਿਚ ਇਹਨਾਂ ਦੀਆਂ ਤਸਵੀਰਾਂ ਲਗਾਉਣ ਲਈ ਕਿਹਾ ਗਿਆ ਹੈ। ਇਹ ਸਿਧਾਂਤਕ ਪੱਖ ਤੋਂ ਸਹੀ ਨਹੀਂ ਹੈ।"ਵੱਖ-ਵੱਖ ਸਰੋਤਾਂ ਤੋਂ ਭਗਤਾਂ-ਸੰਤ ਕਬੀਰ, ਸੰਤ ਰਵਿਦਾਸ, ਸੰਤ ਏਕ ਨਾਮ, ਸੰਘ ਨਾਮ ਦੇਵ ਆਦਿ ਸੰਤਾਂ ਦੀਆਂ ਤਸਵੀਰਾਂ ਇਕੱਠੀਆਂ ਕਰੋ ਅਤੇ ਆਪਣੀ ਇਤਿਹਾਸ ਦੀ ਕਾਰਜ-ਪੁਸਤਕ ਵਿਚ ਲਗਾਉ।" (ਪੰਨਾ 88)

2.3 ਰਾਮ ਭਗਤੀ: ਦਬੇ ਹੋਏ ਲੋਕਾਂ ਦੀ ਆਵਾਜ ਕਿਹਾ ਗਿਆ ਹੈ। (ਪੰਨਾ 94) ਜੋ ਭਗਤੀ ਦੇ ਮਹੱਤਵ ਨੂੰ ਸੀਮਤ ਕਰਦਾ ਹੈ।

2.4 ਘੁੰਮਾਣ ਵਿਖੇ ਸੰਤ ਨਾਮਦੇਵ ਜੀ ਦੇ ਗੁਰੁਦੁਆਰਾ ਸਾਹਿਬ ਨੂੰ ਮੰਦਰ ਲਿਖਿਆ ਗਿਆ ਹੈ। "ਘੁੰਮਣ (ਗੁਰਦਾਸਪੁਰ ਜਿਲ੍ਹੇ) ਉਹ ਸਥਾਨ ਹੈ ਜਿਥੇ ਇਕ ਮੰਦਰ ਸੰਤ ਨਾਮਦੇਵ ਜੀ ਨੂੰ ਸਮਰਪਤ ਹੈ।" (ਪੰਨਾ-95)

2.5 **ਸਿੱਖ ਪਛਾਣ**:ਸਿੱਖੀ ਸਮਾਜਿਕ-ਧਾਰਮਕ ਲਹਿਰ ਜਿਸਨੇ ਭਗਤੀ ਦੇ ਕਰਮ ਕਾਂਡਾਂ ਵਾਲੇ ਪੱਖ ਦਾ ਵਿਰੋਧ ਕੀਤਾ।ਗੁਰੂ ਨਾਨਕ, ਗੁਰੂ ਅੰਗਦ, ਦੁਨੀਆਂ/ਪੰਜਾਬੀਆਂ ਨੂੰ ਜਾਤੀ ਭੇਦ ਭਾਵ ਤੋਂ ਉਪਰ ਉਠ ਕੇ ਇਕ ਮਜ਼ਬੂਤ ਸਮੂਹਿਕ ਪਛਾਣ ਦਿਤੀ।(ਪੰਨਾ 90) ਕਿਹੜੀ ਪਛਾਣ ਜ਼ਿਕਰ ਨਹੀਂ। ਜਾਣ ਬੁਝ ਕੇ ਸਿੱਖ ਧਰਮ ਅਤੇ ਖਾਲਸੇ ਦਾ ਜ਼ਿਕਰ ਨਹੀਂ ਕੀਤਾ। ਭਗਤੀ ਤੇ ਸ਼ਕਤੀ, ਸੰਤ-ਸਿਪਾਹੀ ਦੇ ਸੰਕਲਪ ਸਿੱਖੀ ਨੂੰ ਨਵੀਂ ਅਤੇ ਵਿਲੱਖਣ ਪਛਾਣ ਦਿੰਦੇ ਹਨ ਇਹਨਾਂ ਦਾ ਜ਼ਿਕਰ ਇਸ ਕਰਕੇ ਨਹੀਂ ਕੀਤਾ ਕਿਉਂਕਿ ਇਹ ਹਿੰਦੂ ਭਗਤੀ ਨਾਲੋਂ ਅਗਾਂਹਵਧੂ ਸਿਧਾਂਤ ਹਨ। ਦਸ ਗੁਰੂ ਸਾਹਿਬਾਨ ਦਾ ਜ਼ਿਕਰ ਨਹੀਂ ਨਾਂ ਹੀ ਖਾਲਸਾ ਸਾਜਨਾ ਤੇ ਗੁਰੂ ਗ੍ਰੰਥ ਸਾਹਿਬ ਦਾ ਜ਼ਿਕਰ ਕੀਤਾ ਹੈ।

ਪੁਜਾਰੀ ਭਿਖਸ਼ੂ ਦਾਨੀ ਪਾਠ ਵਿਚ ਦੁਨੀਆ ਦੇ ਸਭ ਤੋਂ ਵੱਡੇ ਦਾਨੀ ਗੁਰੂ ਗੋਬਿੰਦ ਸਿੰਘ ਜੀ ਦਾ ਜਿਕਰ ਜਾਣ ਬੁਝ ਕੇ ਨਹੀਂ ਕੀਤਾ ਗਿਆ।

2.6 ਸ਼ਹੀਦ ਊਧਮ ਸਿੰਘ ਨੂੰ ਨਾਸਤਕ ਸਿਧ ਕੀਤਾ ਹੈ ਜਦੋਂ ਉਹ ਸਭ ਧਰਮਾਂ ਦਾ ਸਤਿਕਾਰ ਕਰਦੇ ਸਨ। ਇਸ ਕਰਕੇ ਉਹਨਾਂ ਨੇ ਆਪਣਾ ਨਾਮ ਰਾਮ ਮੁਹੰਮਦ ਸਿੰਘ ਅਜ਼ਾਦ ਰੱਖਿਆਸੀ। ਇਹ ਪੁਸਤਕ ਦਸਦੀ ਹੈ ਕਿ ਸ਼ਹੀਦ ਊਧਮ ਸਿੰਘ ਨੇ ਧਾਰਮਕ ਪਛਾਣ ਨੂੰ ਖਤਮ ਕਰਨ ਲਈ– ਹੀਰ ਦੀ ਸਹੁੰ ਚੁੱਕੀ। (ਪੰਨਾ 101)

3. ਇਤਿਹਾਸਕ ਤੱਥਾਂ ਨਾਲ ਛੇੜ–ਛਾੜ:–ਇਤਿਹਾਸ ਦੀ ਪਾਠ ਪੁਸਤਕ ਵਿਚ ਤੱਥਾਂ ਦੀ ਸਹੀ ਪੇਸ਼ਕਾਰੀ ਜ਼ਰੂਰੀ ਹੁੰਦੀ ਹੈ। ਇਸ ਪੱਖ ਤੋਂ ਜਾਣ–ਬੁਝ ਕੇ ਇਤਿਹਾਸ ਨਾਲ ਛੇੜ–ਛਾੜ ਕੀਤੀ ਗਈ ਹੈ।

3.1 ਸਿਧਾਰਥ ਨੂੰ ਪਰਮਾਤਮਾ ਦੀ ਪ੍ਰਾਪਤੀ ਹੋਈ ਅਤੇ ਉਨ੍ਹਾਂ ਨੂੰ ਬੁਧ ਕਿਹਾ ਜਾਣ ਲੱਗਾ। (ਪੰਨਾ 41) ਜਦੋਂ ਕਿ ਮਹਾਤਮਾ ਬੁੱਧ ਨਾਲ ਸੰਬੰਧਤ ਸਾਹਿਤ ਵਿਚ ਪਰਮਾਤਮਾ ਦੀ ਪ੍ਰਾਪਤੀ ਦਾ ਜ਼ਿਕਰ ਨਹੀਂ ਮਿਲਦਾ

3.2 ਬੁੱਧ ਦੇ ਚਾਰ ਆਰੀਆ ਸੱਚ ਦੱਸਣ ਤੋਂ ਉਪਰੰਤ ਅਸ਼ਟਾਂਗ ਮਾਰਗ ਬਾਰੇ ਦੱਸਿਆ ਜਾਂਦਾ ਹੈ ਜਦੋਂ ਕਿ ਇਸ ਪੁਸਤਕ ਵਿਚ ਕੇਵਲ ਅਸ਼ਟਾਂਗ ਮਾਰਗ ਦੀ ਹੀ ਗੱਲ ਕੀਤੀ ਗਈ ਹੈ। (ਪੰਨਾ 42)

3.3 ਅਸ਼ੋਕ 'ਬੁਧ ਧਰਮ ਦਾ ਅਨੁਯਾਈ ਸੀ' ਇਹ ਸਪੱਸ਼ਟ ਨਹੀਂ ਕੀਤਾ ਗਿਆ, ਬਲਕਿ ਉਸ ਨੂੰ ਬ੍ਰਾਹਮਣਾਂ/ਬੁੱਧ ਭਿਕਸ਼ੂਆਂ ਅਤੇ ਹੋਰ ਸਾਧੂਆਂ ਦੇ ਲਈ ਉਦਾਰ ਵਰਤਾਰਾ ਰੱਖਣ ਵਾਲਾ ਘੋਸ਼ਿਤ ਕੀਤਾ ਗਿਆ ਹੈ। (ਪੰਨਾ 24)

3.4 ਪੁਰਾਣਿਕ ਹਿੰਦੂ ਧਰਮ ਸ਼ੂਦਰਾਂ ਅਤੇ ਇਸਤਰੀਆਂ ਨੂੰ ਰਸਮਾਂ ਤੇ ਦੇਵਤਿਆਂ ਦੀ ਪੂਜਾ ਵਿਚ ਸ਼ਾਮਿਲ ਹੋਣ ਦੀ ਆਗਿਆ ਦਿੰਦਾ ਕਿਹਾ ਗਿਆ ਹੈ, ਜੋ ਵਾਸਤਵਿਕਤਾ ਤੋਂ ਉਲਟ ਹੋ ਗਿਆ ਹੈ। (ਪੰਨਾ 48)

3.5 'ਪੁਰਾਣਾਂ' ਨੂੰ ਇਤਿਹਾਸ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।(ਪੰਨਾ 49) ਪੁਰਾਣ ਸਾਹਿਤ ਨੂੰ ਹੁਣ ਤੱਕ ਯੂਨੀਵਰਸਿਟੀ ਪੱਧਰ ਦੇ ਵਿਦਵਾਨ ਇਤਿਹਾਸ ਵਜੋਂ ਸਾਬਤ ਨਹੀਂ ਕਰ ਸਕੇ ਪਰੰਤੂ ਇਸ ਪੁਸਤਕ ਵਿਚ ਪੰਨਾ ਨੰ. 51 'ਤੇ 52 ਦੀਆਂ ਗਤੀਵਿਧੀਆਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਇਹ ਕਾਰਜ ਦਿਤਾ ਗਿਆ ਹੈ। "ਕਿਸੇ ਵੀ ਪੁਰਾਣ ਵਿੱਚ ਕੋਈ ਵੀ ਇਕ ਪੁਰਾਣਿਕ ਕਥਾ ਨੂੰ ਲੱਭੋ। ਇਸ ਕਥਾ ਵਿਚੋਂ ਕੋਈ ਇਕ ਇਤਿਹਾਸਕ ਤੱਥ ਲੱਭ ਕੇ ਆਪਣੀ ਜਾਣਕਾਰੀ ਅਨੁਸਾਰ ਇਕ ਨੋਟ ਲਿਖੋ। ਇਸ ਨੋਟ ਨੂੰ ਆਪਣੀ ਵਿਸ਼ਾ ਅਧਿਆਪਕ ਦੀ ਨਿਗਰਾਨੀ 'ਚ ਆਪਣੀ ਸ਼੍ਰੇਣੀ ਵਿਚ ਪੇਸ਼ ਕਰੋ।" ਇਸ ਤੋਂ ਲੇਖਕਾਂ ਦੀ ਬਦਨੀਤ ਦਾ ਪਤਾ ਚਲਦਾ ਹੈ।

3.6 ਭਗਤੀ ਅੰਦੋਲਨ 'ਰਾਮ ਭਗਤੀ' ਤਕ ਵਧੇਰੇ ਸੀਮਤ ਕੀਤਾ ਗਿਆ ਹੈ ਅਤੇ ਇਸ (ਰਾਮਭਗਤੀ) ਨੂੰ 'ਦੱਬੇ ਹੋਏ ਲੋਕਾਂ ਦੀ ਆਵਾਜ਼' ਕਿਹਾ ਹੈ। (ਪੰਨਾ 82), ਵਾਸਤਵਿਕਤਾ ਇਸ ਦੇ ਇਕਦਮ ਉਲਟ ਹੈ।

3.7 'ਰਾਮ ਭਗਤੀ' ਨੂੰ ਭਾਰਤ ਦੀ ਸਰਵਸ੍ਰੇਸ਼ਟ ਲਹਿਰ/ਸਥਿਤੀ ਦਰਸਾਉਣ ਦਾ ਯਤਨ ਕੀਤਾ ਹੈ।ਜਦਕਿ ਇਸ ਤਰ੍ਹਾਂ ਦੀ ਇਹ 'ਪਰੰਪਰਾ' ਤਾਂ ਜਰੂਰ ਰਹੀ ਹੈ, 'ਲਹਿਰ' ਤਾਂ ਬਿਲਕੁਲ ਨਹੀਂ ਸੀ।(ਪੰਨਾ 86)

3.8 ਸਿੱਖ 'ਇਤਿਹਾਸ ' ਲਿਖਣ ਦੀ ਥਾਂ ਕਈ ਥਾਂ 'ਪਰੰਪਰਾ' ਕਿਹਾ ਹੈ ਅਤੇ ਗੁਰਦੁਆਰੇ ਦੀ ਥਾਂ 'ਮੰਦਰ' ਪਦ ਵਰਤੇ ਗਏ ਹਨ। (ਪੰਨਾ 88) ਇਸ ਵਿਚ ਵੀ ਸਿੱਖ ਲਹਿਰ ਨੂੰ ਰਾਮ ਭਗਤੀ ਦਾ ਹਿੱਸਾ ਦੱਸਿਆ ਹੈ ਜੋ ਇਤਿਹਾਸਕ ਪੱਖ ਤੋਂ ਸਹੀ ਨਹੀਂ ਹੈ। ਸਿੱਖ ਧਰਮ ਆਪਣੇ ਆਪ ਵਿਚ ਮੌਲਿਕ ਅਤੇ ਵਿਲੱਖਣ ਹੈ।

3.9 ਪੰਜਾਬ ਵਿਚ ਪੰਜਾਬ ਦੇ ਵਿਦਿਆਰਥੀਆਂ ਨੂੰ ਪੜ੍ਹਾਏ ਜਾਣ ਵਾਲੇ ਇਸ ਇਤਿਹਾਸ ਵਿਚ 'ਸਿੱਖ ਗੁਰੂ ਸਾਹਿਬਾਨ' ਬਾਰੇ ਮਾਤਰ ਡੇਢ ਪੰਨਾ ਰਾਖਵਾਂ ਰੱਖਿਆ ਗਿਆ ਹੈ। (ਪੰਨੇ 89-90)

3.10ਸ਼ਹੀਦ ਊਧਮ ਸਿੰਘ ਨੂੰ ਵਾਰਸ ਸ਼ਾਹ ਦੀ 'ਹੀਰ' ਦੀ ਸਹੁੰ ਖਾਂਦਿਆਂ 'ਪੰਜਾਬੀ ਪਹਿਚਾਣ' ਨਾਲ ਜੋੜਿਆ ਹੈ। (ਹਵਾਲਾ ਕੋਈ ਨਹੀਂ ਦਿਤਾ) (ਪੰਨਾ 44)

3.11ਆਧੁਨਿਕ ਕਾਲ (ਭਾਗ–II) 1857 ਤੋਂ ਮੰਨਿਆ ਹੈ ਤੇ ਇਹ ਲਗਪਗ 90% ਹਿੰਦੂ ਨਾਇਕਾਂ (ਮੰਗਲ ਪਾਂਡੇ; ਝਾਂਸੀ ਦੀ ਰਾਣੀ,) ਦੇ ਖਾਤੇ ਪਾਇਆ ਗਿਆ ਹੈ। (ਪੰਨੇ 98-109) ਮੁਸਲਿਮ ਅਤੇ ਸਿੱਖ ਨਾਇਕਾਂ ਦਾ ਜਿਕਰ ਜਾਣ ਬੁੱਝ ਨਹੀਂ ਕੀਤਾ ਗਿਆ।

3.12'ਰਾਸ਼ਟਰਵਾਦ' ਨਾਮ ਅਧਿਆਇ ਵਿਚ (ਪੰਨਾ 110) ਭਾਰਤ ਵਿਚਲੀ ਨਵਚੇਤਨਾ ਦਾ ਸਿਹਰਾ 90% ਹਿੰਦੂ ਨਾਇਕਾਂ (ਪੰਨਾ 115-17) ਦੇ ਖਾਤੇ ਪਾਇਆ ਗਿਆ ਹੈ। (ਪੰਨਾ 121)

3.13'ਸੁਤੰਤਰਤਾ ਵੱਲ' (ਪੰਨਾ 127), ਲਹਿਰ ਵੀ ਗਾਂਧੀ ਨਹਿਰੂ ਦੀ ਦੇਣ ਦੁਆਲੇ ਵਧੇਰੇ ਘੁੰਮਦੀ ਹੈ।

3.14ਸ਼ਹੀਦ ਭਗਤ ਸਿੰਘ ਬਾਰੇ ਅਤਿਸੰਖੇਪ ਵਿਚ ਵੇਰਵਾ ਹੈ। (ਮਾਤਰ ਇਕ ਪੰਨਾ, 132-33) ਅਤੇ ਅੰਗਰੇਜ 'ਟੋਪੀ ਵਾਲਾ ਭਗਤ ਸਿੰਘ' ਪੇਸ਼ ਕੀਤਾ ਹੈ (ਪੰਨਾ 132)

3.15ਛੋਟਾ ਘੱਲੂਘਾਰਾ (ਪੰਨਾ 147)

3.16ਲਾਹੌਰ ਦਾ ਗਵਰਨਰ ਲਖਪਤ ਰਾਇ ਦਰਸਾਇਆ ਹੈ ਜਦੋਂ ਕਿ ਉਹ 'ਦੀਵਾਨ' ਸੀ

3.17ਨਵਾਬ ਕਪੂਰ ਸਿੰਘ 'ਤੇ ਇਕ ਪੈਰਾ ਹੈ ਸਿਰਫ– 151

3.18ਬਾਬਾ ਬੰਦਾ ਸਿੰਘ ਤੇ ਮਹਾਰਾਜਾ ਰਣਜੀਤ ਸਿੰਘ ਬਾਰੇ ਸੰਖੇਪ ਵੇਰਵਾ ਹੈ (ਪੰਨੇ 142-169)

3.19'ਬ੍ਰਿਟਿਸ਼ ਰਾਜ ਅਧੀਨ ਪੰਜਾਬ' (ਪਾਠ 11),(ਪੰਨਾਂ 165). ਵਿਚ 1857 ਦੀ 'ਰਾਸ਼ਟਰੀ ਲਹਿਰ' ਦੇ ਲਗਪਗ ਸਾਰੇ ਹੀਰੋ ਅਤੇ ਸਮਾਜਿਕ ਧਾਰਮਿਕ ਸੁਧਾਰ ਅੰਦੋਲਨ ਦੇ ਸਾਰੇ ਨਾਇਕ 'ਹਿੰਦੂ' ਪੇਸ਼ ਕੀਤੇ ਹਨ। (ਪੰਨਾ 170)

3.20ਸ. ਕਰਤਾਰ ਸਿੰਘ ਸਰਾਭੇ ਨੂੰ ਲੁਧਿਆਣੇ ਦਾ ਦਰਸਾਇਆ ਹੈ। (ਪੰਨਾ 184) ਅਤੇ ਸ਼ਹੀਦ ਭਗਤ ਸਿੰਘ ਦੀ ਸਾਰੀ ਜਦੋ-ਜਹਿਦ ਲਾਲਾ ਲਖਮਤ ਰਾਏ ਦੀ ਮੌਤ ਦਾ ਬਦਲਾ ਲੈਣ ਤੱਕ ਘਟਾ ਦਿਤੀ ਗਈ ਹੈ।(ਪੰਨਾ 125)

4. ਅਰਥਾਂ ਦੇ ਅਨਰਥ:

4.1 ਮੰਨੂੰ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ।(ਪੰਨਾ 146)'ਸੋਏ' ਦੇ ਅਰਥ ਬੀਜ ਕੀਤੇ ਹਨ। ਜੋ ਕਿ ਤੱਥਾਂ ਦੇ ਮੁਤਬਿਕ ਬਿਲਕੁਲ ਗਲਤ ਹੈ।ਪੰਜਾਬ ਦੇ ਲੋਕ ਅਤੇ ਬੱਚੇ ਇਹ ਜਾਣਦੇ ਹਨ ਕਿ ਸੋਏ ਬੀਜ ਨਹੀਂ ਹੁੰਦੇ, ਬੀਜ ਕੱਟਣ ਨਾਲ ਦੋਬਾਰਾ ਨਹੀਂ ਉਗਦੇ।

4.2 ਹਰੀ ਸਿੰਘ ਨਲੂਏ ਬਾਰੇ ਕੇਵਲ ਇਕ ਪੈਰ੍ਹਾ ਜਿਸ ਵਿਚ ਉਸਦੇ ਨਾਮ ਲਿਖੇ ਹਨ। 'ਨਲਵਾ' ਜਾਂ 'ਨਲੂਆ' -(ਪੰਨਾ159)

4.3 ਲੁਧਿਆਣੇ ਵਿਚ ਕਰਤਾਰ ਸਿੰਘ ਸਰਾਭੇ ਦੀ 'ਮੂਰਤੀ' ਨਹੀਂ, ਸਗੋਂ ਸਰਾਭੇ ਪਿੰਡ ਵਿਚ ਉਹਨਾਂ ਦਾ 'ਬੁਤ' ਹੈ। ਇਹਨਾਂ ਨੂੰ ਇਹ ਤਾਂ ਪਤਾ ਹੈ ਕਿ ਮੂਰਤੀ ਮੰਦਰ ਵਿਚ ਲਗਦੀ ਹੈ ਤੇ ਸ਼ਹੀਦਾਂ ਦੇ ਬੁੱਤ ਹੁੰਦੇ ਹਨ। ਜਾਣ ਬੁਝ ਕੇ ਸ਼ਹੀਦਾਂ ਦਾ ਹਿੰਦੂਕਰਨ ਕਰ ਰਹੇ ਹਨ।

5. ਤਕਨੀਕੀ ਪੱਖ:

5.1 ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਿਯਮਾਂ ਤਹਿਤ 11ਵੀਂ ਅਤੇ 12ਵੀਂ ਜਮਾਤ ਦਾ ਕੋਰਸ ਇਕੱਠਾ ਹੈ। ਪਿਛਲੇ ਸਾਲ 11ਵੀਂ ਜਮਾਤ ਪਾਸ ਕਰ ਚੁੱਕੇ ਇਸ ਸੈਸ਼ਨ (2018-19) ਵਿਚ 12ਵੀਂ ਦੇ ਵਿਦਿਆਰਥੀਆਂ ਦਾ ਸਿਲੇਬਸ ਬਦਲਣਾ ਤਕਨੀਕੀ ਪੱਖ ਤੋਂ ਉਚਿਤ ਨਹੀਂ ਹੈ।

5.2 12ਵੀਂ ਜਮਾਤ ਵਿਚ ਪਹਿਲਾਂ (ਪੁਰਾਣੇ ਸਿਲੇਬਸ) ਮੁਤਾਬਕ ਪੰਜਾਬ ਦਾ ਇਤਿਹਾਸ ਪੜਾਇਆ ਜਾਂਦਾ ਸੀ। ਹੁਣ ਪੰਜਾਬ ਦਾ ਇਤਿਹਾਸ 11ਵੀਂ ਜਮਾਤ ਵਿਚ ਲੈ ਕੇ ਜਾਣ ਦਾ ਅਰਥ ਪੰਜਾਬ ਦੇ ਇਤਿਹਾਸ ਦੀ ਅਹਿਮੀਅਤ ਘੱਟ ਕਰਨਾ ਹੈ ਕਿਉਂਕਿ 12ਵੀਂ ਜਮਾਤ ਲਈ ਬੋਰਡ ਵਲੋਂ ਇਮਤਿਹਾਨ ਲਿਆ ਜਾਂਦਾ ਹੈ।11ਵੀਂ ਜਮਾਤ ਦਾ ਇਮਤਿਹਾਨ ਸਕੂਲਾਂ ਵਿਚ ਅੰਦਰੂਨੀ ਸਕੂਲ ਪੱਧਰੀ ਪ੍ਰੀਖਿਆ ਨਾਲ ਹੁੰਦਾ ਹੈ। ਸੁਭਾਵਿਕ ਹੀ ਵਿਦਿਆਰਥੀ ਬੋਰਡ ਦੀਆਂ ਪ੍ਰੀਖਿਆਵਾਂ ਵਧੇਰੇ ਮਿਹਨਤ ਨਾਲ ਦਿੰਦੇ ਹਨ। ਪੰਜਾਬ ਸਕੂਲ ਸਿਖਿਆ ਬੋਰਡ ਵਲੋਂ ਸਲੇਬਸ ਵਿਚ ਤਬਦੀਲੀ ਕਰਨ ਨਾਲ ਪੰਜਾਬ ਦੇ ਇਤਿਹਾਸ ਵਿਚ ਵਿਦਿਆਰਥੀਆਂ ਦੀ ਰੁਚੀ ਘੱਟ ਜਾਣ ਦੀ ਸੰਭਾਵਨਾ ਹੈ।

5.3 11ਵੀਂ ਜਮਾਤ ਦੇ ਇਤਿਹਾਸ ਦੇ ਸਿਲੇਬਸ ਦੇ ਦੋ ਭਾਗ ਬਣਾਏ ਗਏ ਹਨ। ਪਹਿਲੇ ਭਾਗ ਵਿਚ ਪੰਜਾਬ ਦਾ ਇਤਿਹਾਸ ਜਦੋਂਕਿ ਦੂਸਰੇ ਭਾਗ ਵਿਚ ਵਿਸ਼ਵ ਦਾ ਇਤਿਹਾਸ ਰੱਖਿਆ ਗਿਆ ਹੈ। ਇਸ ਤੋਂ ਸਪੱਸ਼ਟ ਹੈ ਕਿ ਪੰਜਾਬ ਦੇ ਇਤਿਹਾਸ ਦੀ ਅਹਿਮੀਅਤ ਕੱਟ ਕੇ ਅੱਧੀ ½ ਕਰ ਦਿੱਤੀ ਗਈ ਹੈ।

5.4 ਗੁਰਦੁਆਰੇ ਨੂੰ ਮੰਦਰ, ਭਜਨ ਨੂੰ ਕੀਰਤਨ, ਬੁੱਤ ਨੂੰ ਮੂਰਤੀ ਆਦਿ ਸ਼ਬਦ ਗਲਤੀਆਂ ਨਹੀਂ ਸਾਜਿਸ਼ ਅਧੀਨ ਅਜਿਹੇ ਸ਼ਬਦ ਵਰਤੇ ਗਏ ਹਨ।

5.5 1857ਦੇ ਵਿਦਰੋਹ ਵਿਚ ਪੰਜਾਬ ਦੇ ਲੋਕਾਂ ਦੀ ਭੂਮਿਕਾ–ਪਾਠ ਵਿਚ ਨਹੀਂ ਸਿਰਫ Project ਦਿੱਤਾ ਗਿਆ ਹੈ।

6. ਬੋਰਡ ਅਧਿਕਾਰੀਆਂ ਨੂੰ ਚੁਣੌਤੀ ਵਜੋਂ ਕੁਝ ਸਵਾਲ: ਜੋ ਇਸ ਪੁਸਤਕ ਵਿਚੋਂ ਲੱਭੇ ਨਹੀਂ ਜਾ ਸਕਦੇ।

1 'ਹਿੰਦੂ' ਸ਼ਬਦ ਇਤਿਹਾਸ ਵਿਚ ਕਦੋਂ ਆਇਆ?

2 ਦਸਰਥ ਦੇ ਪੁਤਰ ਰਾਮ ਦਾ ਜਨਮ ਕਦੋਂ ਹੋਇਆ?

3 ਭਗਤ ਕਬੀਰ ਜੀ ਦਾ ਜਨਮ ਕਦੋਂ ਹੋਇਆ?

4 ਸੰਤ ਰਵੀਦਾਸ ਦਾ ਜਨਮ ਕਦੋਂ ਹੋਇਆ?

5 ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ 'ਤੇ ਕਿਥੇ ਹੋਇਆ?

6 ਖੇਤਰੀ ਸਭਿਆਚਾਰ ਪਛਾਣ ਕਿਹੜੀ ਹੈ ਜੋ ਗੁਰੂਆਂ ਨੇ ਦਿਤੀ?

7 ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਕਦੋਂ ਦਿਤੀ ਗਈ?

8 ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜਨਮ ਕਿਸ ਪਿੰਡ ਵਿਚ ਹੋਇਆ?

9 ਹੜੱਪਾ ਸਭਿਅਤਾ ਦੇ ਇਲਾਕੇ ਨੂੰ ਕੀ ਕਹਿੰਦੇ ਹਨ ?

10 ਸੰਤ- ਸਿਪਾਹੀ ਕੌਣ ਸਨ?

11 ਜਮਰੌਦ ਦੀ ਜੰਗ ਦੇ ਨਾਇਕ ਦਾ ਨਾਂਮ ਦਸੋ ?

12 ਖਾਲਸੇ ਦੀ ਸਿਰਜਨਾ ਕਿਸ ਨੇ ਕੀਤੀ ?

13 ਦੁਨੀਆ ਦੇ ਸਭ ਤੋਂ ਵੱਡੇ ਦਾਨੀ ਦਾ ਨਾਮ ਦੱਸੋ?

ਅਗਰ ਪੁਸਤਕ ਤਿਆਰ ਕਰਨ ਵਾਲੇ ਇਨ੍ਹਾਂ ਪ੍ਰਸ਼ਨਾਂ ਦਾ ਉਤਰ ਪਾਠ-ਪੁਸਤਕ ਪੜ੍ਹ ਕੇ ਨਹੀਂ ਦੇ ਸਕਦੇ ਤਾਂ ਵਿਦਿਆਰਥੀ ਕਿਥੋਂ ਦੇਣਗੇ। ਬੁਨਿਆਦੀ ਪ੍ਰਸ਼ਨਾਂ ਦੇ ਉਤਰ ਹੀ ਸਪਸ਼ਟ ਨਹੀਂ ਤਾਂ ਇਹ ਪੁਸਤਕ ਵਿਦਿਆਰਥੀਆਂ ਦਾ ਪੱਧਰ ਕਿਵੇਂ ਉਚਾ ਚੁਕੇਗੀ।

7. 12ਵੀਂ ਸਿਲੇਬਸ ਬਦਲਣ ਸੰਬੰਧੀ ਵੱਖ-ਵੱਖ ਵਿਦਵਾਨਾਂ,ਅਦਿਆਪਕਾਂ ਤੇ ਵਿਦਿਆਰਥੀਆਂ ਦੀ ਰਾਇ ਦਾ ਸੰਖੇਪ ਵਿਚ ਵਿਵਰਣ

7.1. **ਡਾ. ਕਿਹਰ ਸਿੰਘ ਪ੍ਰੋਫੈਸਰ ਰਾਜਨੀਤੀ ਵਿਗਿਆਨ ਅਤੇ ਸਾਬਕਾ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ**:- ਮੁਲਕ ਵਿਚ ਵੱਖ-ਵੱਖ ਰਾਜਾਂ ਦੇ ਸਿੱਖਿਆ ਬੋਰਡ ਬਣਾਉਣ ਦਾ ਉਦੇਸ਼ ਹੈ ਕਿ ਹਰ ਰਾਜ ਆਪਣੇ ਸਭਿਆਚਾਰ, ਭਾਸ਼ਾ, ਇਤਿਹਾਸ ਅਤੇ ਰਵਾਇਤਾਂ ਮੁਤਾਬਕ ਸਿੱਖਿਆ ਪ੍ਰਦਾਨ ਕਰਵਾਏ। ਇਸ ਲਿਹਾਜ ਨਾਲ ਪੰਜਾਬ ਬੋਰਡ ਵਿਚ ਪੰਜਾਬ ਦੇ ਇਤਿਹਾਸ ਨੂੰ ਵਿਸ਼ੇਸ਼ ਸਥਾਨ ਦੇਣਾ ਵਾਜ਼ਬ ਹੈ।

7.2. **ਡਾ. ਦਲਬੀਰ ਸਿੰਘ ਢਿਲੋਂ, ਪ੍ਰੋਫੈਸਰ ਇਤਿਹਾਸ, ਸਾਬਕਾ ਚੇਅਰਮੈਨ ਪੰਜਾਬ ਸਕੂਲ ਸਿੱਖਆ ਬੋਰਡ** ਜਿਸ ਤਰ੍ਹਾਂ ਮੁਲਕ ਦੇ ਵੱਖ-ਵੱਖ ਰਾਜ ਆਪਣੇ ਇਤਿਹਾਸ ਨੂੰ ਪਹਿਲ ਦਿੰਦੇ ਹਨ ਉਸੇ ਲਿਹਾਜ ਨਾਲ ਪੰਜਾਬ ਵਿਚ ਪੰਜਾਬ ਦਾ ਇਤਿਹਾਸ ਪੜ੍ਹਾਉਣਾ ਜਾਇਜ ਹੈ। ਪੁਰਾਣੇ ਸਿਲੇਬਸ ਦਾ ਨਮੂਨਾ ਵਧੇਰੇ ਸਹੀ ਹੈ। ਪੰਜਾਬ ਦਾ ਇਤਿਹਾਸ 12ਵੀਂ ਜਮਾਤ ਵਿਚ ਪੜ੍ਹਾਉਣਾ ਚਾਹੀਦਾ ਹੈ।

7.3. **ਬਲਵੰਤ ਸਿੰਘ ਢਿਲੋਂ, ਪ੍ਰੋਫੈਸਰ, ਗੁਰੂ ਨਾਨਕ ਸਟੱਡੀਜ਼, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ** ਸਿੱਖ ਪਛਾਣ ਦੀ ਮੌਲਿਕਤਾ ਨੂੰ ਚੁਣੌਤੀ ਦੇਣ ਵਾਲੇ ਇਤਿਹਾਸਕਾਰਾਂ ਨੂੰ ਸਿੱਖ ਨਕਾਰ ਚੁਕੇ ਹਨ। ਇਹਨਾਂ ਦੀ ਲਿਖਤਾਂ ਭਾਵੇਂ ਕਿਸੇ ਵੀ ਪ੍ਰਕਾਸ਼ਤ ਨੇ ਛਾਪੀਆਂ ਹੋਣ ਅਜਿਹੇ ਇਤਿਹਾਸਕਾਰਾਂ ਦੀਆਂ ਧਾਰਨਾਵਾਂ 'ਤੇ ਸਿਲੇਬਸ ਨਹੀਂ ਬਣਨੇ ਚਾਹੀਦੇ। ਸਿਲੇਬਸ ਤਿਆਰ ਕਰਨੇ 'ਤੇ ਬਦਲਣੇ ਇਕ ਅਤਿ ਗੰਭੀਰ ਕਾਰਜ ਹੈ।ਇਸ ਲਈ ਮਾਹਰਾਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ।

7.4. **ਡਾ. ਕੰਵਰਜੀਤ ਸਿੰਘ ਪ੍ਰਿੰਸੀਪਲ ਗੁਰਮਤਿ ਕਾਲਜ ਪਟਿਆਲਾ**: ਇਹ ਪੁਸਤਕ ਸਿੱਖ ਪਛਾਣ 'ਤੇ ਇਤਿਹਾਸਕ ਪੱਧਰ ਰਾਹੀਂ ਕੀਤਾ ਗਿਆ ਹਮਲਾ ਹੈ।

7.5. **ਡਾ. ਅਮਰਦੀਪ ਸਿੰਘ, ਦਿੱਲੀ ਯੂਨੀਵਰਸਿਟੀ, ਦਿੱਲੀ**, ਇਹ ਕੋਈ ਮਿਆਰੀ ਪੁਸਤਕ ਨਹੀਂ ਇਸ ਵਿਚ ਬੋਝਲ ਜਾਣਕਾਰੀ ਭਰੀ ਗਈ ਹੈ।

7.6. ਸਕੂਲਾਂ ਵਿਚ ਇਤਿਹਾਸ ਵਿਸ਼ਾ ਪੜਾਉਂਦੇ ਲੈਕਚਰਾਰਾਂ ਦੀ ਰਾਇ ਹੈ ਕਿ ਇਹ ਪੁਸਤਕ ਰੋਚਿਕ ਬਿਲਕੁਲ ਨਹੀਂ, ਘਟਨਾਵਾਂ ਬਾਰੇ ਅਧੂਰੀ ਤੇ ਬੇਤੁਕੀ ਜਾਣਕਾਰੀ ਦਿਤੀ ਗਈ ਹੈ।

7.7. ਇਤਿਹਾਸ ਪੜ੍ਹ ਰਹੇ ਵਿਦਿਆਰਥੀ ਦਸਦੇ ਹਨ ਕਿ ਨਵੇਂ ਪਾਠਾਂ ਨੂੰ ਸਮਝਣਾ ਬਹੁਤ ਮੁਸ਼ਕਿਲ ਹੈ।

8.ਵਿਧੀ: ਇਸ ਪੁਸਤਕ ਦੀ ਰੀਵਿਊ ਰਿਪੋਰਟ ਤਿਆਰ ਕਰਨ ਲਈ ਹੇਠ ਲਿਖੀ ਵਿਧੀ ਅਪਣਾਈ ਗਈ:-

8.1. ਇਸ ਪੁਸਤਕ ਦਾ ਪਾਠ ਵਿਸਲੇਸ਼ਣ ਕੀਤਾ ਗਿਆ।

8.2. ਇਤਿਹਾਸਕਾਰਾਂ ਅਤੇ ਸਿੱਖ ਅਧਿਐਨ ਵਿਸ਼ੇ ਦੇ ਵਿਦਵਾਨਾਂ ਨਾਲ ਇੰਟਰਵਿਊ ਕੀਤੀ ਗਈ ਵਿਸ਼ੇਸ਼ ਕਰਕੇ ਪ੍ਰੋ. ਬਲਵੰਤ ਢਿਲੋ, ਗੁਰੂ ਨਾਨਕ ਦੇਵ ਯੂਨੀਵਰਸਿਟੀ।

8.3. ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਾਬਕਾ ਚੇਅਰਮੈਨਾਂ ਡਾ. ਕਿਹਰ ਸਿੰਘ ਸਾਬਕਾ (ਪ੍ਰੋ. ਰਾਜਨੀਤੀ ਵਿਗਿਆਨ) ਅਤੇ ਡਾ.ਦਲਬੀਰ ਸਿੰਘ ਢਿਲੋਂ (ਇਤਿਹਾਸ)

8.4. ਸਕੂਲਾਂ ਵਿਚ ਇਤਿਹਾਸ ਵਿਸ਼ੇ ਨੂੰ ਪੜ੍ਹਾਉਣ ਵਾਲੇ ਲੈਕਚਰਾਰਾਂ ਨਾਲ ਮੁਲਾਕਾਤਾਂ

8.5. ਇਤਿਹਾਸ ਵਿਸ਼ਾ ਪੜ੍ਹ ਰਹੇ ਵਿਦਿਆਰਥੀਆਂ ਨਾਲ ਮੁਲਾਕਾਤ

8.6. ਸੋਸ਼ਲ ਮੀਡੀਆ ਖਾਸ ਕਰਕੇ ਫੇਸ ਬੁਕ ਅਤੇ ਵਟਸਐਪ ਰਾਹੀਂ ਪ੍ਰਸ਼ਨ ਪੁੱਛ ਕੇ

12 ਵੀਂ ਕਲਾਸ ਦੀ ਇਤਿਹਾਸ ਦੀ ਕਿਤਾਬ ਬਾਰੇ ਵਿਸਤਰਿਤ ਰਿਪੋਰਟ

ਰਿਪੋਰਟ ਦਾ ਸਾਰ ਅਤੇ ਸੁਝਾਅ

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 12ਵੀਂ ਜਮਾਤ ਲਈ ਤਿਆਰ ਕੀਤੀ ਕਿਤਾਬ ਨੂੰ ਪੰਜਾਬ ਦੇ ਲੋਕ/ਵਿਦਿਆਰਥੀ ਪ੍ਰਵਾਨ ਨਹੀਂ ਕਰਨਗੇ ਕਿਉਂਕਿ:-

- ਸੈਕੂਲਰ ਰਾਸ਼ਟਰਵਾਦ ਦੀ ਥਾਂ 'ਤੇ ਹਿੰਦੂ ਰਾਸ਼ਟਰਵਾਦ ਉਭਾਰਿਆ ਗਿਆ ਹੈ।
- ਸਿੱਖੀ ਨੂੰ ਹਿੰਦੂਵਾਦ ਨਾਲ ਜੋੜ ਕੇ ਹਿੰਦੂਵਾਦ ਦਾ ਅੰਗ ਸਾਬਿਤ ਕੀਤਾ ਗਿਆ ਹੈ।
- ਮਹਾਤਮਾ ਬੁੱਧ ਤੇ ਉਹਨਾਂ ਦੀਆਂ ਸਿੱਖਿਆਵਾਂ ਨੂੰ ਗਲਤ ਰੰਗਤ ਦਿੱਤੀ ਗਈ ਹੈ।
- ਨਿਰਗੁਣ ਭਗਤੀ ਨਾਲੋਂ ਸਰਗੁਣ ਭਗਤੀ ਉਚਿਆਈ ਗਈ ਹੈ। ਭਗਤੀ ਤੇ ਸ਼ਕਤੀ, ਮੀਰੀ ਤੇ ਪੀਰੀ ਦੀ ਕੋਈ ਗੱਲ ਨਹੀਂ ਕੀਤੀ ਗਈ।
- ਮਿਥਿਹਾਸ ਨੂੰ ਇਤਿਹਾਸ ਬਣਾਉਣ ਲਈ ਬਿਨਾਂ ਹਵਾਲੇ ਤੋਂ ਇਧਰੋਂ ਉਧਰੋਂ ਜਾਣਕਾਰੀ ਇਕੱਠੀ ਕੀਤੀ ਗਈ ਹੈ।
- ਯੋਧਿਆਂ, ਸ਼ਹੀਦਾਂ ਦਾ ਇਤਿਹਾਸ ਕੱਟ ਕੇ ਪੁਜਾਰੀਆਂ, ਭਿਕਸ਼ੂਆਂ ਆਦਿ ਨੂੰ ਮਹੱਤਵ ਦਿੱਤਾ ਗਿਆ ਹੈ।
- ਸਭ ਤੋਂ ਵੱਡੇ ਦਾਨੀ ਗੁਰੂ ਗੋਬਿੰਦ ਸਿੰਘ ਮਹਾਰਾਜ ਅਤੇ ਉਹਨਾਂ ਵੱਲੋਂ ਸਾਜੇ ਖਾਲਸੇ ਨੂੰ ਗੁਰੂ ਜੋਤਿ ਦਾ ਅੰਗ ਸਾਬਿਤ ਕਰਨ ਨਾਲੋਂ ਖਾਲਸੇ ਦੀ Transformation ਦਾ ਵਿਚਾਰ ਪੇਸ਼ ਕਰਨ ਲਈ ਜ਼ਮੀਨ ਤਿਆਰ ਕੀਤੀ ਗਈ ਹੈ।

ਸੁਝਾਅ:-

1. ਪੰਜਾਬ ਦੇ ਵਿਦਿਆਰਥੀਆਂ ਦੇ ਭਵਿੱਖ ਨੂੰ ਧਿਆਨ ਵਿਚ ਰੱਖ ਕੇ 12ਵੀਂ ਜਮਾਤ ਦੇ ਇਤਿਹਾਸ ਦੀ ਕਿਤਾਬ ਰੱਦ ਕੀਤੀ ਜਾਵੇ। ਇਸ ਦੀ ਛਪਾਈ ਬੰਦ ਕਰਕੇ ਛਪ ਚੁੱਕੀਆਂ ਕਾਪੀਆਂ ਨਸ਼ਟ ਕੀਤੀਆਂ ਜਾਣ।
2. ਨਵਾਂ ਸਿਲੇਬਸ ਤਿਆਰ ਕਰਨ ਲਈ ਮਾਹਿਰਾਂ ਦੀ ਟੀਮ ਬਣਾਈ ਜਾਵੇ ਜਿਸ ਵਿਚ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚੋਂ ਘੱਟੋ-ਘੱਟ ਪ੍ਰੋਫੈਸਰ ਰੈਕ ਦੇ ਪੰਜ ਮਾਹਿਰ ਸ਼ਾਮਿਲ ਕੀਤੇ ਜਾਣ।
3. ਨਵਾਂ ਸਿਲੇਬਸ ਅਤੇ ਨਵੀਆਂ ਕਿਤਾਬਾਂ ਤਿਆਰ ਹੋਣ ਤੱਕ ਪਹਿਲਾਂ ਪੁਰਾਣਾ ਸਿਲੇਬਸ ਹੀ ਪੜ੍ਹਾ ਲਿਆ ਜਾਵੇ।

4. ਸਭ ਤੋਂ ਪਹਿਲਾਂ 11ਵੀਂ ਜਮਾਤ ਦਾ ਸਿਲੇਬਸ ਅਤੇ ਕਿਤਾਬ ਤਿਆਰ ਕੀਤੀ ਜਾਵੇ ਜੋ ਅਗਲੇ ਸੈਸ਼ਨ 2019-20 ਤੋਂ ਲਾਗੂ ਹੋਵੇ ਅਤੇ 2020-21 ਵਿਚ 12ਵੀਂ ਦੀ ਨਵੀਂ ਕਿਤਾਬ ਤਿਆਰ ਕਰਵਾ ਲਈ ਜਾਵੇ।